Punjab ICT Education Society

**ਸੈਸ਼ਨ 2021-22**
**ਸ਼ੀਟ ਨੰ: 27**

DEPARTMENT OF SCHOOL EDUCATION
Punjab (INDIA)

# ਈ-ਸ਼ਬਦ




## ਅੱਜ ਦਾ ਸ਼ਬਦ "ਪੋਰਟ"

**"ਪੋਰਟ"** ਨੂੰ ਸੀ.ਪੀ.ਯੂ. ਅਤੇ ਹੋਰ ਉਪਕਰਣਾਂ ਦੇ ਵਿਚਕਾਰ ਇੱਕ ਇੰਟਰਫੇਸ ਦੇ ਤੌਰ ਤੇ ਜਾਣਿਆ ਜਾ ਸਕਦਾ ਹੈ। ਇੱਕ ਪੋਰਟ ਆਮ ਤੌਰ ਤੇ ਕਿਸੇ ਕੰਪਿਊਟਿੰਗ ਉਪਕਰਣ ਦੇ ਉਸ ਹਿੱਸੇ ਨੂੰ ਕਿਹਾ ਜਾਂਦਾ ਹੈ ਜੋ ਉਪਕਰਣਾਂ ਜਿਵੇਂ ਕਿ ਇਨਪੁੱਟ ਅਤੇ ਆਉਟਪੁੱਟ ਉਪਕਰਣਾਂ ਦੇ ਸੰਪਰਕ ਲਈ ਪ੍ਰਯੋਗ ਹੁੰਦਾ ਹੈ। ਕੰਪਿਊਟਰ ਵਿੱਚ ਬਹੁਤ ਸਾਰੇ ਪੋਰਟ ਹੁੰਦੇ ਹਨ ਜੋ ਮਾਨੀਟਰ, ਵੈੱਬਕੈਮ, ਸਪੀਕਰ ਜਾਂ ਹੋਰ ਪੈਰੀਫਿਰਲ ਉਪਕਰਣਾਂ ਨੂੰ ਜੋੜਨ ਲਈ ਵਰਤੇ ਜਾਂਦੇ ਹਨ।

**<u>ਕੁੱਝ ਵਿਸ਼ੇਸ਼ਤਾਵਾਂ ਹੇਠ ਲਿਖੇ ਅਨੁਸਾਰ ਹਨ:</u>**

- ਬਾਹਰੀ ਉਪਕਰਣ ਕੇਬਲਾਂ ਅਤੇ ਪੋਰਟਾਂ ਦੀ ਵਰਤੋਂ ਕਰਦੇ ਹੋਏ ਕੰਪਿਊਟਰਾਂ ਨਾਲ ਜੁੜੇ ਹੋਏ ਹੁੰਦੇ ਹਨ।
- ਪੋਰਟਸ ਮਦਰਬੋਰਡ ਉਪਰ ਸਲਾਟ (Slot) ਹੁੰਦੇ ਹਨ ਜਿਸ ਨਾਲ ਬਾਹਰੀ ਉਪਕਰਣ ਦੀ ਇੱਕ ਕੇਬਲ ਲਗਾਈ ਜਾਂਦੀ ਹੈ।
- ਪੋਰਟਾਂ ਰਾਹੀਂ ਜੁੜੇ ਬਾਹਰੀ ਉਪਕਰਣਾਂ ਦੀਆਂ ਉਦਾਹਰਣਾਂ ਮਾਊਸ, ਕੀਅਬੋਰਡ, ਮਾਨੀਟਰ, ਮਾਈਕ੍ਰੋਫੋਨ, ਸਪੀਕਰ, ਆਦਿ ਹੋ ਸਕਦੇ ਹਨ।

ਪੋਰਟਾਂ ਦੀਆਂ ਕੁਝ ਮੁੱਖ ਕਿਸਮਾਂ ਹਨ - ਸੀਰੀਅਲ ਪੋਰਟ, ਪੈਰਲਲ ਪੋਰਟ, ਪੀਐਸ/2 ਪੋਰਟ, ਯੂਨੀਵਰਸਲ ਸੀਰੀਅਲ ਬੱਸ (ਜਾਂ USB) ਪੋਰਟ, ਵੀ.ਜੀ.ਏ. ਪੋਰਟ, ਪਾਵਰ ਕਨੈਕਟਰ, ਮੋਡਮ ਪੋਰਟ, ਈਥਰਨੈੱਟ ਪੋਰਟ, ਗੇਮ ਪੋਰਟ, ਡਿਜੀਟਲ ਵਿਡੀਓ ਇੰਟਰਫੇਸ, ਡੀਵੀਆਈ ਪੋਰਟ, ਸਾਕਟ ਆਦਿ।

## Word of the Day is "**Port**"

A "**Port**" can be referred as an interface between the CPU and other peripheral devices. A port generally refers to the part of a computing device available for connection to peripherals such as input and output devices. There are many types of Computer ports which can be used to connect a monitor, webcam, speakers, or other peripheral devices.

**<u>Some of the characteristics are as under:</u>**

- External devices are connected to a computer using cables and ports.
- Ports are slots on the motherboard into which a cable of external device is plugged in.
- Examples of external devices attached via ports are the mouse, keyboard, monitor, microphone, speakers, etc.

Some of the main types of ports are Serial Port, Parallel Port, PS/2 Port, Universal Serial Bus (or USB) Port, VGA Port, Power Connector, Modem Port, Ethernet Port, Game Port, Digital Video Interface, DVI port, Sockets etc.

### ਰੋਚਕ ਤੱਥ:-

ਸਭ ਤੋਂ ਪਹਿਲਾਂ ਯੂ. ਐੱਸ. ਬੀ. (ਯੂਨੀਵਰਸਲ ਸੀਰੀਅਲ ਬੱਸ) ਸੱਤ ਕੰਪਨੀਆਂ ਦੁਆਰਾ ਇਕੱਠੇ ਹੋ ਕੇ 1994 ਵਿੱਚ ਵਰਤਿਆ ਗਿਆ ਸੀ।

### Interesting Facts:-

First time the USB (Universal Serial Bus) was started by seven companies unitedly in 1994.

ਸੰਬੰਧਤ ਈ-ਸ਼ਬਦ ਦੀ ਵੀਡੀਓ ਦੇਖਣ ਲਈ ਲਿੰਕ ਕੇ ਕਲਿੱਕ ਕਰੋ: https://youtu.be/XrYMzVHSuJU

**D.M.: Mohd. Aarif (Sangrur)**     **Sukhwinder Singh (GSSS(G), Sunam Udham Singh Wala)**